Roll No. …….. **Total Pages: _ _**

Paper ID: PBM312 **Course Code:** PBIM213012T

Examination (January - 2024)
Master of Arts (M.A. Punjabi)
Semester - III
ਪੰਜਾਬੀ ਨਾਵਲ

Time Allowed: 3 Hours **Max. Marks: 70**

ਵਿਦਿਆਰਥੀਆਂ ਲਈ ਹਿਦਾਇਤਾਂ

1. ਭਾਗ - ੳ ਵਿੱਚ ਦਿੱਤੇ 4 ਪ੍ਰਸ਼ਨਾਂ ਵਿਚੋਂ ਕੋਈ 2 ਪ੍ਰਸ਼ਨ ਹੱਲ ਕਰੋ, ਹਰੇਕ ਪ੍ਰਸ਼ਨ ਦੇ 10 ਅੰਕ ਹਨ।
2. ਭਾਗ - ਅ ਵਿੱਚ ਦਿੱਤੇ 4 ਪ੍ਰਸ਼ਨਾਂ ਵਿਚੋਂ ਕੋਈ 2 ਪ੍ਰਸ਼ਨ ਹੱਲ ਕਰੋ, ਹਰੇਕ ਪ੍ਰਸ਼ਨ ਦੇ 10 ਅੰਕ ਹਨ।
3. ਭਾਗ - ੲ ਵਿੱਚ ਦਿੱਤੇ 15 ਪ੍ਰਸ਼ਨਾਂ ਵਿਚੋਂ ਕੋਈ 10 ਪ੍ਰਸ਼ਨ ਹੱਲ ਕਰੋ, ਹਰੇਕ ਪ੍ਰਸ਼ਨ ਦੇ 03 ਅੰਕ ਹਨ।

ਭਾਗ – ੳ

2*10=20

1. ਨਾਵਲ ਦੀ ਪਰਿਭਾਸ਼ਾ ਦਿੰਦਿਆਂ ਇਸ ਵਿਧਾ ਦੇ ਪ੍ਰਮੁੱਖ ਤੱਤਾਂ ਦਾ ਵਿਸਥਾਰਪੂਰਵਕ ਅਧਿਐਨ ਕਰੋ।
2. 1947 ਤੋਂ ਪਹਿਲਾਂ ਦੇ ਪੰਜਾਬੀ ਨਾਵਲ ਦਾ ਪ੍ਰਵਿਰਤੀਮੂਲਕ ਅਧਿਐਨ ਕਰੋ।
3. ਬਿਰਤਾਂਤ ਦੀ ਪਰਿਭਾਸ਼ਾ ਦਿੰਦਿਆਂ ਇਸਦੀਆਂ ਪ੍ਰਮੁੱਖ ਜੁਗਤਾਂ ਦਾ ਵਿਸਥਾਰਪੂਰਵਕ ਅਧਿਐਨ ਕਰੋ।
4. 1960 ਤੋਂ ਬਾਅਦ ਦੇ ਪੰਜਾਬੀ ਨਾਵਲ ਦਾ ਥੀਮੈਟਿਕ ਅਧਿਐਨ ਕਰੋ।

ਭਾਗ - ਅ **2*10=20**

5. ਨਾਨਕ ਸਿੰਘ ਦੇ ਨਾਵਲ `ਚਿੱਟਾ ਲਹੂ` ਦੀ ਨਾਵਲ-ਕਲਾ ਉਪਰ ਆਲੋਚਨਾਤਮਕ ਨੋਟ ਲਿਖੋ।
6. ਗੁਰਦਿਆਲ ਸਿੰਘ ਦੇ ਨਾਵਲ `ਅਣਹੋਏ` ਦਾ ਵਿਚਾਰਧਾਰਾਈ ਅਧਿਐਨ ਕਰੋ।
7. ਮਿੱਤਰ ਸੈਨ ਮੀਤ ਦੇ ਨਾਵਲ `ਕੌਰਵ ਸਭਾ` ਦੀ ਮੂਲ ਸਮੱਸਿਆ ਦਸਦਿਆਂ ਇਸਦਾ ਥੀਮੈਟਿਕ ਅਧਿਐਨ ਕਰੋ।
8. ਗੁਰਦਿਆਲ ਸਿੰਘ ਦੇ ਨਾਵਲ `ਅਣਹੋਏ` ਦਾ ਬਿਰਤਾਂਤ-ਸ਼ਾਸਤਰੀ ਅਧਿਐਨ ਕਰੋ।

ਭਾਗ – ੲ **10*3=30**

9. ਛੋਟੇ ਉੱਤਰਾਂ ਵਾਲੇ ਸਵਾਲ (ਹੇਠ ਲਿਖੇ ਪ੍ਰਸ਼ਨਾਂ ਵਿਚੋ ਕੋਈ ਵੀ 10 ਪ੍ਰਸ਼ਨ ਹੱਲ ਕਰੋ)

a) ਨਾਵਲ ਦੀ ਪਰਿਭਾਸ਼ਾ ਦਿਓ।
b) ਨਾਵਲ ਸ਼ਬਦ ਦੀ ਉਤਪੱਤੀ ਕਿਸ ਭਾਸ਼ਾ ਤੋਂ ਹੋਈ ਹੈ?
c) ਗਲਪ ਤੋਂ ਕੀ ਭਾਵ ਹੈ?
d) ਨਾਵਲ ਦੀਆਂ ਬਿਰਤਾਂਤਕ-ਜੁਗਤਾਂ ਤੋਂ ਕੀ ਭਾਵ ਹੈ?
e) ਆਂਚਲਿਕਤਾ ਤੋਂ ਕੀ ਭਾਵ ਹੈ?
f) ਕਥਾ-ਵਸਤੁ ਤੋਂ ਕੀ ਭਾਵ ਹੈ?
g) ਨਾਵਲ ਵਿਚ ਸੰਵਾਦ ਦਾ ਕੀ ਮਹੱਤਵ ਹੈ?
h) ਪੰਜਾਬੀ ਨਾਵਲ ਦਾ ਮੋਢੀ ਕਿਸ ਨਾਵਲਕਾਰ ਨੂੰ ਮੰਨਿਆ ਜਾਂਦਾ ਹੈ?
i) ਆਲੋਚਨਾਤਮਕ ਯਥਾਰਥਵਾਦੀ ਪੰਜਾਬੀ ਨਾਵਲਕਾਰਾਂ ਦੇ ਨਾਮ ਦੱਸੋ?
j) ਨਾਨਕ ਸਿੰਘ ਦੇ ਪੰਜ ਨਾਵਲਾਂ ਦੇ ਨਾਮ ਲਿਖੋ।
k) `ਚਿੱਟਾ ਲਹੂ`ਨਾਵਲ ਦੇ ਪ੍ਰਮੁੱਖ ਪਾਤਰਾਂ ਦੇ ਨਾਮ ਲਿਖੋ।
l) `ਕੌਰਵ ਸਭਾ` ਨਾਵਲ ਦੇ ਇਸਤਰੀ ਪਾਤਰਾਂ ਦੇ ਨਾਮ ਲਿਖੋ?
m) `ਅਣਹੋਏ` ਨਾਵਲ ਦੀ ਮੂਲ ਸਮੱਸਿਆ ਕੀ ਹੈ?
n) `ਕੌਰਵ ਸਭਾ` ਨਾਵਲ ਦੇ ਪ੍ਰਮੁੱਖ ਵਿਸ਼ੇ ਦੱਸੋ?
o) `ਅਣਹੋਏ` ਨਾਵਲ ਦੇ ਸਿਰਲੇਖ ਦੀ ਸਾਰਥਕਤਾ ਬਾਰੇ ਦੱਸੋ?